# ਸੰਖੇਪ ਜਾਣਕਾਰੀ

ਬੀਸੀ ਹਾਊਸਿੰਗ ਅਤੇ ਸਿਟੀ ਆਫ਼ ਵੈਨਕੂਵਰ, ਬੀਟਰਿਸ ਸਟ੍ਰੀਟ ਵਿਖੇ 1925 ਸਾਊਥਈਸਟ ਮਰੀਨ ਡਰਾਈਵ ਵਿਖੇ ਪ੍ਰਸਤਾਵਿਤ ਸਹਾਇਕ ਹਾਊਸਿੰਗ ਲਈ ਵਿਕਾਸ ਪ੍ਰਕਿਰਿਆ ਦੇ ਸ਼ੁਰੂ ਵਿੱਚ ਗੁਆਂਢੀਆਂ ਨਾਲ ਜੁੜ ਰਹੇ ਹਨ।

ਸ਼ੁਰੂਆਤੀ ਰੁਝੇਵਿਆਂ ਦੇ ਹਿੱਸੇ ਵਜੋਂ, ਬੀਸੀ ਹਾਊਸਿੰਗ ਨੇ 8 ਅਤੇ 9 ਮਾਰਚ, 2022 ਨੂੰ ਕੁੱਲ 21 ਕਮਿਊਨਿਟੀ ਮੈਂਬਰਾਂ ਦੀ ਹਾਜ਼ਰੀ ਦੇ ਨਾਲ ਦੋ ਨੇਬਰਹੁੱਡ ਡਾਇਲਾਗ ਸੈਸ਼ਨਾਂ ਦੀ ਮੇਜ਼ਬਾਨੀ ਕੀਤੀ। ਵਰਚੁਅਲ ਸੈਸ਼ਨਾਂ ਵਿੱਚ ਛੋਟੀਆਂ ਪੇਸ਼ਕਾਰੀਆਂ ਪੇਸ਼ ਕੀਤੀਆਂ ਗਈਆਂ ਜਿਸਤੋਂ ਬਾਅਦ ਗੋਲਮੇਜ਼ ਚਰਚਾਵਾਂ ਹੋਈਆਂ ਜਿੱਥੇ ਭਾਗੀਦਾਰ ਪ੍ਰਸ਼ਨ ਪੁੱਛ ਸਕਦੇ ਹਨ ਅਤੇ ਪ੍ਰਸਤਾਵ ਬਾਰੇ ਫੀਡਬੈਕ ਸਾਂਝਾ ਕਰ ਸਕਦੇ ਹਨ।

ਇਹ ਦਸਤਾਵੇਜ਼, ਦੋ ਨੇਬਰਹੁੱਡ ਡਾਇਲਾਗ ਸੈਸ਼ਨਾਂ ਦਾ ਸਾਰ ਪ੍ਰਦਾਨ ਕਰਦਾ ਹੈ ਜੋ ਬੀਟਰਿਸ ਸਟਰੀਟ ਵਿਖੇ 1925 ਸਾਊਥਈਸਟ ਮਰੀਨ ਡਰਾਈਵ ਵਿਖੇ ਪ੍ਰਸਤਾਵਿਤ ਸਹਾਇਕ ਹਾਊਸਿੰਗ ਲਈ ਹੋਏ ਸਨ। ਇਸ ਵਿੱਚ ਮੀਟਿੰਗ ਵਿੱਚ ਮੌਜੂਦ ਕਮਿਊਨਿਟੀ ਮੈਂਬਰਾਂ ਦੁਆਰਾ ਸਾਂਝੀ ਕੀਤੀ ਗਈ ਫੀਡਬੈਕ ਸ਼ਾਮਲ ਹੈ, ਜਿਸ ਵਿੱਚ ਬੀਸੀ ਹਾਊਸਿੰਗ, ਸਿਟੀ ਆਫ਼ ਵੈਨਕੂਵਰ, ਅਤੇ ਗੈਰ-ਲਾਭਕਾਰੀ ਬਿਲਡਿੰਗ ਆਪਰੇਟਰ, ਦਿ ਕੇਟਲ ਸੋਸਾਇਟੀ ਸਮੇਤ ਪ੍ਰੋਜੈਕਟ ਟੀਮ ਦੇ ਅਨੁਸਾਰੀ ਜਵਾਬ ਸ਼ਾਮਲ ਹਨ।

# ਫੀਡਬੈਕ ਦਾ ਸੰਖੇਪ-ਸਾਰ: ਨੇਬਰਹੁੱਡ ਡਾਇਲਾਗ ਸੈਸ਼ਨ

1. **ਕਮਿਊਨਿਟੀ ਮੈਂਬਰਾਂ ਨੇ ਇਹ ਜਾਣਨ ਦੀ ਇੱਛਾ ਪ੍ਰਗਟਾਈ ਕਿ ਇਮਾਰਤ ਵਿੱਚ ਕੌਣ ਰਹੇਗਾ, ਜਿਸ ਵਿੱਚ ਸ਼ਾਮਲ ਹਨ:**

   - ਨਵੇਂ ਘਰਾਂ ਵਿੱਚ ਰਹਿਣ ਲਈ ਨਿਵਾਸੀਆਂ ਨੂੰ ਕਿਵੇਂ ਚੁਣਿਆ ਜਾਵੇਗਾ
     - *ਪ੍ਰੋਜੈਕਟ ਟੀਮ ਅਤੇ ਬਿਲਡਿੰਗ ਆਪਰੇਟਰ ਨੇ ਜਵਾਬ ਦਿੱਤਾ:* ਲੋਕ ਕਈ ਵੱਖ-ਵੱਖ ਕਾਰਨਾਂ ਕਰਕੇ ਬੇਘਰ ਹੋ ਗਏ ਹਨ। ਅਸੀਂ ਉਹਨਾਂ ਲੋਕਾਂ ਦੀ ਇੰਟਰਵਿਊ ਲੈਂਦੇ ਹਾਂ ਜੋ ਸ਼ਾਇਦ ਇੱਥੇ ਰਹਿਣਾ ਚਾਹੁੰਦੇ ਹਨ ਅਤੇ ਇਹ ਯਕੀਨੀ ਬਣਾਉਂਦੇ ਹਾਂ ਕਿ ਉਹਨਾਂ ਦੀਆਂ ਲੋੜਾਂ ਗੈਰ-ਲਾਭਕਾਰੀ ਹਾਊਸਿੰਗ ਆਪਰੇਟਰ ਦੁਆਰਾ ਪ੍ਰਦਾਨ ਕੀਤੀਆਂ ਸੇਵਾਵਾਂ ਅਤੇ ਸਹਾਇਤਾ ਦੁਆਰਾ ਪੂਰੀਆਂ ਕੀਤੀਆਂ ਜਾ ਸਕਣ।
   - ਕੀ ਇਹ ਰਿਹਾਇਸ਼ ਖਾਸ ਤੌਰ 'ਤੇ ਬਜ਼ੁਰਗਾਂ ਲਈ ਹੋ ਸਕਦੀ ਹੈ
     - *ਪ੍ਰੋਜੈਕਟ ਟੀਮ ਨੇ ਜਵਾਬ ਦਿੱਤਾ:* ਸਾਡੇ ਕੋਲ ਅਜਿਹੇ ਘਰ ਹਨ ਜੋ ਬਜ਼ੁਰਗਾਂ ਲਈ ਸਮਰਪਿਤ ਹੈ ਅਤੇ ਬਜ਼ੁਰਗ ਇਸ ਇਮਾਰਤ ਵਿੱਚ ਭਵਿੱਖ ਦੇ ਕਿਰਾਏਦਾਰ ਹੋ ਸਕਦੇ ਹਨ। ਸਾਨੂੰ ਹਾਊਸਿੰਗ ਕਿਫਾਇਤੀ ਸੰਕਟ ਜਿਸਦਾ ਵੈਨਕੂਵਰ ਸਾਹਮਣਾ ਕਰ ਰਿਹਾ ਹੈ, ਨਾਲ ਨਜਿੱਠਣ ਲਈ ਹਰ ਉਮਰ ਦੇ ਲੋਕਾਂ ਲਈ ਹਾਊਸਿੰਗ ਬਣਾਉਣਾ ਜਾਰੀ ਰੱਖਣ ਦੀ ਲੋੜ ਹੈ।
   - ਬਜ਼ੁਰਗਾਂ ਅਤੇ ਗਤੀਸ਼ੀਲਤਾ ਦੀਆਂ ਚੁਣੌਤੀਆਂ ਵਾਲੇ ਲੋਕ ਆਂਢ-ਗੁਆਂਢ ਦੀਆਂ ਪਹਾੜੀਆਂ 'ਤੇ ਆਉਣ-ਜਾਣ ਦੇ ਕਿਵੇਂ ਯੋਗ ਹੋਣਗੇ
     - *ਬਿਲਡਿੰਗ ਓਪਰੇਟਰ ਨੇ ਜਵਾਬ ਦਿੱਤਾ:* ਅਸੀਂ ਇਮਾਰਤ ਦੇ ਪ੍ਰਵੇਸ਼ ਦੁਆਰ ਨੂੰ ਪਹੁੰਚਯੋਗ ਬਣਾਉਣ ਲਈ ਬਿਲਡਿੰਗ ਆਰਕੀਟੈਕਟ ਨਾਲ ਮਿਲਕੇ ਕੰਮ ਕਰਾਂਗੇ। ਸਾਡੇ ਕੋਲ ਸਾਡੀਆਂ ਹੋਰ ਇਮਾਰਤਾਂ ਵਿੱਚ ਗਤੀਸ਼ੀਲਤਾ ਦੀਆਂ ਚੁਣੌਤੀਆਂ ਵਾਲੇ ਬਹੁਤ ਸਾਰੇ ਕਿਰਾਏਦਾਰ ਹਨ ਅਤੇ ਸਾਡੀ ਟੀਮ ਉਹਨਾਂ ਲੋਕਾਂ ਨੂੰ ਸਹਾਇਤਾ ਪ੍ਰਦਾਨ ਕਰਦੀ ਹੈ ਜਿਨ੍ਹਾਂ ਨੂੰ ਖੇਤਰ ਵਿੱਚ ਆਉਣ-ਜਾਣ ਵਿੱਚ ਮਦਦ ਦੀ ਲੋੜ ਹੁੰਦੀ ਹੈ।
   - ਕੀ ਹਾਊਸਿੰਗ ਦਾ ਮਤਲਬ ਪਰਿਵਰਤਨਸ਼ੀਲ ਹੈ ਜਾਂ ਕੀ ਲੋਕ ਲੰਬੇ ਸਮੇਂ ਲਈ ਰਹਿ ਸਕਦੇ ਹਨ
     - *ਪ੍ਰੋਜੈਕਟ ਟੀਮ ਨੇ ਜਵਾਬ ਦਿੱਤਾ:* ਇਹ ਸਹਾਇਕ ਰਿਹਾਇਸ਼ ਹੈ ਨਾ ਕਿ ਪਰਿਵਰਤਨਸ਼ੀਲ ਰਿਹਾਇਸ਼। ਕੁਝ ਲੋਕ ਘਰ ਬਦਲ ਸਕਦੇ ਹਨ ਪਰ ਕੁਝ ਅਜਿਹੇ ਵੀ ਹਨ ਜਿਨ੍ਹਾਂ ਨੂੰ ਆਪਣੀ ਬਾਕੀ ਦੀ ਪੂਰੀ ਜ਼ਿੰਦਗੀ ਲਈ ਸਹਾਇਤਾ ਦੀ ਲੋੜ ਪਵੇਗੀ। ਇੱਥੇ ਰਹਿਣ ਲਈ ਆਉਣ ਵਾਲੇ ਕਈ ਤਰ੍ਹਾਂ ਦੇ ਲੋਕ ਹੋ ਸਕਦੇ ਹਨ।

2. **ਕਮਿਊਨਿਟੀ ਮੈਂਬਰਾਂ ਨੇ ਬਿਲਡਿੰਗ ਪ੍ਰਬੰਧਨ ਅਤੇ ਕਿਰਾਏਦਾਰਾਂ ਲਈ ਉਪਲਬਧ ਸਹਾਇਤਾ ਦੀਆਂ ਕਿਸਮਾਂ ਬਾਰੇ ਸਪੱਸ਼ਟੀਕਰਨ ਮੰਗਿਆ, ਜਿਸ ਵਿੱਚ ਸ਼ਾਮਲ ਹਨ:**

- ਸੁਝਾਅ ਹਨ ਕਿ ਸਹਾਇਕ ਰਿਹਾਇਸ਼ਾਂ ਦੇ ਨਿਵਾਸੀਆਂ ਲਈ ਆਂਢ-ਗੁਆਂਢ ਵਿੱਚ ਲੋੜੀਂਦੀਆਂ ਸੇਵਾਵਾਂ ਅਤੇ ਆਵਾਜਾਈ ਦੇ ਵਿਕਲਪ ਨਹੀਂ ਹਨ
  - *ਬਿਲਡਿੰਗ ਓਪਰੇਟਰ ਨੇ ਜਵਾਬ ਦਿੱਤਾ:* ਅਸੀਂ ਇਹ ਯਕੀਨੀ ਬਣਾਵਾਂਗੇ ਕਿ ਸਾਰੇ ਨਿਵਾਸੀਆਂ ਨੂੰ ਇਮਾਰਤ ਅਤੇ ਕਮਿਊਨਿਟੀ ਵਿੱਚ ਲੋੜੀਂਦਾ ਸਮਰਥਨ ਮੁਹੱਈਆ ਕਰਵਾਇਆ ਜਾਵੇ। ਸਾਡੇ ਕੋਲ ਇੱਕ ਵਾਹਨ ਸਟਾਫ ਹੈ ਜੋ ਲੋਕਾਂ ਨੂੰ ਮੁਲਾਕਾਤਾਂ 'ਤੇ ਲਿਜਾਉਣ ਲਈ ਵਰਤਿਆ ਜਾ ਸਕਦਾ ਹੈ।
- ਇਹ ਸਟਾਫ 24/7 ਸਾਈਟ ਤੇ ਉਪਲਬਧ ਰਹਿੰਦਾ ਹੈ
  - *ਬਿਲਡਿੰਗ ਓਪਰੇਟਰ ਨੇ ਜਵਾਬ ਦਿੱਤਾ:* ਹਾਂ, ਸਾਈਟ ਤੇ ਸਟਾਫ 24/7 ਮੌਜੂਦ ਹੋਵੇਗਾ। ਗੈਰ-ਲਾਭਕਾਰੀ ਹਾਊਸਿੰਗ ਆਪਰੇਟਰ ਕੋਲ ਇੱਕ ਫ਼ੋਨ ਲਾਈਨ ਵੀ ਹੋਵੇਗੀ ਜਿਸਤੇ ਲੋੜ ਪੈਣ 'ਤੇ ਗੁਆਂਢੀ ਕਾਲ ਕਰ ਸਕਦੇ ਹਨ।
- ਕਮਿਊਨਿਟੀ ਸੁਰੱਖਿਆ ਕਿਵੇਂ ਬਰਕਰਾਰ ਰੱਖੀ ਜਾਵੇਗੀ
  - *ਪ੍ਰੋਜੈਕਟ ਟੀਮ ਨੇ ਜਵਾਬ ਦਿੱਤਾ:* ਇਹ ਇੱਕ ਰਿਹਾਇਸ਼ੀ ਇਮਾਰਤ ਹੈ, ਇਹ ਕਿਰਾਏਦਾਰਾਂ ਵਾਲੀ ਕਿਸੇ ਹੋਰ ਇਮਾਰਤ ਤੋਂ ਵੱਖਰੀ ਨਹੀਂ ਹੈ। ਸਟਾਫ 24/7 ਸਾਈਟ 'ਤੇ ਮੌਜੂਦ ਹੈ ਅਤੇ ਲੋੜ ਪੈਣ 'ਤੇ ਨਿਵਾਸੀਆਂ ਲਈ ਉਪਲਬਧ ਹੈ।
- ਵਸਨੀਕਾਂ ਲਈ ਕਿਹੜੀਆਂ ਸੇਵਾਵਾਂ ਉਪਲਬਧ ਹੋਣਗੀਆਂ, ਖਾਸ ਤੌਰ 'ਤੇ ਨਸ਼ੇ ਦੀ ਲੱਤ ਨਾਲ ਨਜਿੱਠ ਰਹੇ ਵਿਅਕਤੀਆਂ ਲਈ
  - *ਬਿਲਡਿੰਗ ਓਪਰੇਟਰ ਨੇ ਜਵਾਬ ਦਿੱਤਾ:* ਇਸਦੇ ਬਹੁਤ ਸਾਰੇ ਵੱਖ-ਵੱਖ ਕਾਰਨ ਹਨ ਕਿ ਲੋਕ ਸਹਾਇਕ ਰਿਹਾਇਸ਼ਾਂ ਤੱਕ ਕਿਉਂ ਪਹੁੰਚ ਰਹੇ ਹਨ। ਹਰ ਕਿਸੇ ਨੂੰ ਵੱਖ-ਵੱਖ ਸਹਾਇਤਾ ਦੀ ਲੋੜ ਹੁੰਦੀ ਹੈ ਅਤੇ ਅਸੀਂ ਆਪਣੀਆਂ ਇਮਾਰਤਾਂ ਵਿੱਚ ਲੋਕਾਂ ਨੂੰ ਸਿਹਤਮੰਦ ਰਹਿਣ ਵਿੱਚ ਮਦਦ ਕਰਨ ਲਈ ਕੰਮ ਕਰਦੇ ਹਾਂ।

3. **ਕਮਿਊਨਿਟੀ ਮੈਂਬਰਾਂ ਨੇ ਇਸ ਬਾਰੇ ਸਪੱਸ਼ਟੀਕਰਨ ਮੰਗਿਆ ਕਿ ਸਹਾਇਕ ਰਿਹਾਇਸ਼ਾਂ ਲਈ ਸਾਈਟਾਂ ਦੀ ਚੋਣ ਕਿਵੇਂ ਕੀਤੀ ਜਾਂਦੀ ਹੈ, ਜਿਸ ਵਿੱਚ ਸ਼ਾਮਲ ਹਨ:**

- ਇਹ ਸਾਈਟ ਕਿਵੇਂ ਚੁਣੀ ਗਈ ਸੀ
  - *ਪ੍ਰੋਜੈਕਟ ਟੀਮ ਨੇ ਜਵਾਬ ਦਿੱਤਾ:* ਸਾਈਟ ਸਿਟੀ ਆਫ ਵੈਨਕੂਵਰ ਦੀ ਮਲਕੀਅਤ ਹੈ, ਇਹ ਆਵਾਜਾਈ ਦੇ ਨੇੜੇ ਹੈ ਅਤੇ ਰਿਹਾਇਸ਼ੀ ਵਰਤੋਂ ਲਈ ਮਨੋਨੀਤ ਹੈ।

4. **ਕਮਿਊਨਿਟੀ ਮੈਂਬਰਾਂ ਨੇ ਇਮਾਰਤ ਦੀ ਉਚਾਈ ਅਤੇ ਡਿਜ਼ਾਈਨ ਤੱਤਾਂ ਬਾਰੇ ਫੀਡਬੈਕ ਸਾਂਝਾ ਕੀਤਾ, ਜਿਸ ਵਿੱਚ ਸ਼ਾਮਲ ਹਨ:**

- ਬੀਟਰਿਸ ਸਟ੍ਰੀਟ ਵਿੱਚ ਪਾਰਕਿੰਗ ਅਤੇ ਖਚਾਖਚ ਟ੍ਰੈਫਿਕ ਬਾਰੇ ਚਿੰਤਾ
  - *ਪ੍ਰੋਜੈਕਟ ਟੀਮ ਨੇ ਜਵਾਬ ਦਿੱਤਾ:* ਪ੍ਰਸਤਾਵ ਵਿੱਚ ਸੱਤ ਪਾਰਕਿੰਗ ਥਾਵਾਂ ਦੇ ਨਾਲ ਇੱਕ ਭੂਮੀਗਤ (ਅੰਡਰਗ੍ਰਾਉਂਡ) ਪਾਰਕੇਡ ਸ਼ਾਮਲ ਹੈ। ਪਾਰਕਿੰਗ ਅਲਾਟਮੈਂਟ, ਗੈਰ-ਲਾਭਕਾਰੀ ਹਾਊਸਿੰਗ ਆਪਰੇਟਰ ਦੀਆਂ ਸੰਚਾਲਨ ਲੋੜਾਂ ਨੂੰ ਪੂਰਾ ਕਰਦੀ ਹੈ। ਆਮ ਤੌਰ 'ਤੇ, ਨਿਵਾਸੀਆਂ ਅਤੇ ਸਟਾਫ ਕੋਲ ਵਾਹਨ ਨਹੀਂ ਹੁੰਦੇ ਹਨ।
- ਵਿਕਾਸ ਦੇ ਹਿੱਸੇ ਵਜੋਂ ਫੁੱਟਪਾਥਾਂ ਦੀ ਘਾਟ, ਅਤੇ ਨਵੇਂ ਫੁੱਟਪਾਥਾਂ ਦੀ ਪਲੇਸਮੈਂਟ ਬਾਰੇ ਚਿੰਤਾਵਾਂ
  - *ਪ੍ਰੋਜੈਕਟ ਟੀਮ ਨੇ ਜਵਾਬ ਦਿੱਤਾ:* ਅਸੀਂ ਇਨ੍ਹਾਂ ਵੇਰਵਿਆਂ 'ਤੇ ਸਿਟੀ ਨਾਲ ਮਿਲਕੇ ਕੰਮ ਕਰਾਂਗੇ ਕਿਉਂਕਿ ਪ੍ਰੋਜੈਕਟ ਰੀਜ਼ੋਨਿੰਗ ਅਤੇ ਵਿਕਾਸ ਪ੍ਰਕਿਰਿਆ ਤੋਂ ਲੰਘਦਾ ਹੈ।
- ਇੱਕ ਸੁਝਾਅ ਹੈ ਕਿ ਛੇ-ਮੰਜ਼ਲਾਂ ਇੰਨੀਆਂ ਉੱਚੀਆਂ ਹੋ ਜਾਂਦੀਆਂ ਹਨ ਜੋ ਆਂਢ-ਗੁਆਂਢ ਦੇ ਸੁਹਜ ਨਾਲ ਫਿੱਟ ਨਹੀਂ ਹੁੰਦੀਆਂ
  - *ਪ੍ਰੋਜੈਕਟ ਟੀਮ ਨੇ ਜਵਾਬ ਦਿੱਤਾ:* ਸਹਾਇਕ ਰਿਹਾਇਸ਼ ਦੀ ਤੁਰੰਤ ਲੋੜ ਹੈ। ਇਹ ਸਾਈਟ ਆਂਢ-ਗੁਆਂਢ ਦੀਆਂ ਯੋਜਨਾਵਾਂ ਦੇ ਅਨੁਕੂਲ ਹੋਣ ਲਈ ਧਿਆਨ-ਪੂਰਵਕ ਤਿਆਰ ਕੀਤੀ ਜਾ ਰਹੀ ਹੈ ਤਾਂ ਜੋ ਇਹ ਮੌਜੂਦਾ ਅਤੇ ਭਵਿੱਖ ਦੇ ਆਂਢ-ਗੁਆਂਢ ਦੇ ਅਨੁਕੂਲ ਹੋਏ, ਅਤੇ ਨਾਲ ਹੀ ਇਸਦੀ ਲੋਕੇਸ਼ਨ SE ਮਰੀਨ ਡਰਾਈਵ ਦੇ ਕੋਲ ਹੋਏ ਅਸੀਂ ਵੱਧ ਤੋਂ ਵੱਧ ਲੋਕਾਂ ਨੂੰ ਘਰ ਪ੍ਰਦਾਨ ਕਰਨ ਲਈ ਇਸ ਉਚਾਈ ਦਾ ਪ੍ਰਸਤਾਵ ਕਰ ਰਹੇ ਹਾਂ।
- ਆਂਢ-ਗੁਆਂਢ ਵਿੱਚ ਹਰੀ ਥਾਂ ਨਾ ਹੋਣ ਬਾਰੇ ਚਿੰਤਾ
  - *ਪ੍ਰੋਜੈਕਟ ਟੀਮ ਨੇ ਜਵਾਬ ਦਿੱਤਾ:* ਅਸੀਂ ਸਮਝਦੇ ਹਾਂ ਕਿ ਇਹ ਇੱਕ ਹਰੀ ਥਾਂ ਹੈ ਜਿਸਦਾ ਕਮਿਊਨਿਟੀ ਮੈਂਬਰ ਆਨੰਦ ਲੈਂਦੇ ਹਨ। ਹਾਲਾਂਕਿ, ਇਹ ਇੱਕ ਸਮਰਪਿਤ, ਮਨੋਨੀਤ ਹਰੀ ਥਾਂ ਨਹੀਂ ਹੈ ਅਤੇ ਰਿਹਾਇਸ਼ੀ ਵਰਤੋਂ ਲਈ ਜ਼ੋਨ ਕੀਤੀ ਗਈ ਹੈ।

**5. ਕਮਿਊਨਿਟੀ ਮੈਂਬਰ, ਪ੍ਰੋਜੈਕਟ ਮਨਜ਼ੂਰੀ ਪ੍ਰਕਿਰਿਆ ਅਤੇ ਫੀਡਬੈਕ ਪ੍ਰਦਾਨ ਕਰਨ ਦੇ ਉਪਲਬਧ ਮੌਕਿਆਂ ਨੂੰ ਸਮਝਣਾ ਚਾਹੁੰਦੇ ਸਨ, ਜਿਸ ਵਿੱਚ ਸ਼ਾਮਲ ਹਨ:**

- ਬੀਸੀ ਹਾਊਸਿੰਗ ਅਤੇ ਸਿਟੀ ਨੇ ਪ੍ਰਸਤਾਵ ਬਾਰੇ ਗੁਆਂਢੀਆਂ ਨਾਲ ਜਾਣਕਾਰੀ ਕਿਵੇਂ ਸਾਂਝੀ ਕੀਤੀ
  - *ਪ੍ਰੋਜੈਕਟ ਟੀਮ ਨੇ ਜਵਾਬ ਦਿੱਤਾ:* ਅਸੀਂ ਸਾਈਟ ਦੇ ਆਲੇ-ਦੁਆਲੇ ਦੇ ਦੋ ਬਲਾਕਾਂ ਵਿੱਚ ਗੁਆਂਢੀਆਂ ਨੂੰ ਇੱਕ ਪੋਸਟਕਾਰਡ ਦਿੱਤਾ, ਅਤੇ ਸਾਈਟ ਦੇ ਪੰਜ ਬਲਾਕਾਂ ਦੇ ਅੰਦਰ ਗੁਆਂਢੀਆਂ ਨੂੰ ਇੱਕ ਤੱਥ ਸ਼ੀਟ ਡਾਕ ਰਾਹੀਂ ਭੇਜੀ। ਅਸੀਂ ਸੋਸ਼ਲ ਮੀਡੀਆ 'ਤੇ ਪ੍ਰੋਜੈਕਟ ਦੀ ਘੋਸ਼ਣਾ ਕੀਤੀ, ਇੱਕ ਨਿਊਜ਼ ਰੀਲੀਜ਼ ਭੇਜੀ, ਸਥਾਨਕ ਭਾਈਚਾਰਕ ਸਮੂਹਾਂ ਅਤੇ ਸੰਸਥਾਵਾਂ ਨਾਲ ਸਿੱਧੇ ਜੁੜੇ, ਅਤੇ ਪ੍ਰਸਤਾਵ ਬਾਰੇ ਜਾਣਕਾਰੀ ਸਾਂਝੀ ਕਰਨ ਅਤੇ ਸਵਾਲਾਂ ਦੇ ਜਵਾਬ ਦੇਣ ਲਈ ਨੇੜਲੇ ਕਾਰੋਬਾਰਾਂ ਦਾ ਦੌਰਾ ਕੀਤਾ। ਅਸੀਂ ਸਾਈਟ ਤੇ ਵੀ ਇੱਕ ਸੂਚਨਾ ਚਿੰਨ੍ਹ ਪੋਸਟ ਕੀਤਾ। ਸਾਡਾ ਇੱਕ ਸਮਰਪਿਤ ਵੈਬਪੇਜ ਹੈ ਜਿੱਥੇ ਸਾਰੀਆਂ ਸਮੱਗਰੀਆਂ ਉਪਲਬਧ ਹਨ, ਜਿਸ ਵਿੱਚ ਪਰੰਪਰਾਗਤ ਚੀਨੀ, ਟੈਗਾਲੋਗ ਅਤੇ ਪੰਜਾਬੀ (www.letstalkhousingbc.ca/vancouver-marine) ਭਾਸ਼ਾਵਾਂ ਸ਼ਾਮਲ ਹਨ।
- ਕਿੱਥੇ ਫੀਡਬੈਕ ਪ੍ਰਦਾਨ ਕਰਨਾ ਹੈ ਅਤੇ ਕਿੱਥੇ ਪ੍ਰੋਜੈਕਟ ਬਾਰੇ ਅਪਡੇਟਸ ਪ੍ਰਾਪਤ ਕਰਨਾ ਹੈ
  - *ਪ੍ਰੋਜੈਕਟ ਟੀਮ ਨੇ ਜਵਾਬ ਦਿੱਤਾ:* ਕਮਿਊਨਿਟੀ ਲਈ ਪ੍ਰਸਤਾਵ ਤੇ ਇਨਪੁਟ ਪ੍ਰਦਾਨ ਕਰਨ ਦੇ ਕਈ ਮੌਕੇ ਹਨ, ਜਿਸ ਵਿੱਚ ਨੇਬਰਹੁੱਡ ਡਾਇਲਾਗ ਵਿੱਚ ਸ਼ਾਮਲ ਹੋਣਾ, ਲੈਟਸ ਟਾਕ ਹਾਊਸਿੰਗ ਵੈੱਬਸਾਈਟ 'ਤੇ ਪਬਲਿਕ ਕਮੇਂਟ ਦੀ ਮਿਆਦ ਦੇ ਦੌਰਾਨ ਇੱਕ ਟਿੱਪਣੀ ਦਰਜ ਕਰਨਾ, ਅਤੇ ਲੈਟਸ ਟਾਕ ਹਾਊਸਿੰਗ ਵੈੱਬਸਾਈਟ 'ਤੇ ਕਿਸੇ ਵੀ ਸਮੇਂ ਟਿੱਪਣੀ ਦਰਜ ਕਰਨਾ, ਅਤੇ ਕਿਸੇ ਵੀ ਸਮੇਂ ਕਮਊਨਿਟੀ ਲਾਈਜ਼ਨ ਤੇ ਫ਼ੋਨ ਕਰਨਾ ਜਾਂ ਈਮੇਲ ਕਰਨਾ ਸ਼ਾਮਲ ਹੈ। ਕਮਿਊਨਿਟੀ ਲਾਈਜ਼ਨ ਨੂੰ communityliaison@bchousing.org ਤੇ ਜਾਂ 604-829-9321 ਤੇ ਕਾਲ ਕਰਕੇ ਸੰਪਰਕ ਕੀਤਾ ਜਾ ਸਕਦਾ ਹੈ।

    ਅਸੀਂ ਵਿਕਾਸ ਪ੍ਰਕਿਰਿਆ ਦੇ ਸ਼ੁਰੂ ਵਿੱਚ ਕਮਿਊਨਿਟੀ ਨਾਲ ਸੰਪਰਕ ਕਰ ਰਹੇ ਹਾਂ। ਇਸ ਸ਼ੁਰੂਆਤੀ ਰੁਝੇਵਿਆਂ ਦੌਰਾਨ ਇਕੱਠੀ ਕੀਤੀ ਫੀਡਬੈਕ ਇੱਕ ਰੀਜ਼ੋਨਿੰਗ ਐਪਲੀਕੇਸ਼ਨ ਦੇ ਵਿਕਾਸ ਬਾਰੇ ਸੂਚਿਤ ਕਰੇਗੀ ਜੋ ਸਿਟੀ ਕੌਂਸਲ ਦੁਆਰਾ ਸਮੀਖਿਆ ਲਈ ਸਿਟੀ ਆਫ ਵੈਨਕੂਵਰ ਨੂੰ ਜਮ੍ਹਾ ਕੀਤੀ ਜਾਏਗੀ। ਜਦੋਂ ਰੀਜੋਨਿੰਗ ਅਰਜ਼ੀ ਜਮ੍ਹਾਂ ਕੀਤੀ ਜਾਂਦੀ ਹੈ, ਤਾਂ ਇੱਕ ਹੋਰ ਸਿਟੀ-ਅਗਵਾਈ ਵਾਲੀ ਜਨਤਕ ਸ਼ਮੂਲੀਅਤ ਪ੍ਰਕਿਰਿਆ ਹੋਵੇਗੀ ਜਿਸ ਵਿੱਚ ਇੱਕ ਓਪਨ ਹਾਊਸ ਅਤੇ ਇੱਕ ਜਨਤਕ ਸੁਣਵਾਈ ਸ਼ਾਮਲ ਹੈ।

# ਕਮਿਊਨਿਟੀ ਫੀਡਬੈਕ ਲਈ ਮੌਕੇ

ਨੇਬਰਹੁੱਡ ਡਾਇਲਾਗ ਸੈਸ਼ਨਾਂ ਤੋਂ ਇਲਾਵਾ, ਕਮਿਊਨਿਟੀ ਮੈਂਬਰ ਹੇਠਾਂ ਦਿੱਤੇ ਚੈਨਲਾਂ ਰਾਹੀਂ ਬੀਟਰਿਸ ਸਟ੍ਰੀਟ ਵਿਖੇ 1925 ਸਾਊਥ-ਈਸਟ ਮਰੀਨ ਡਰਾਈਵ ਵਿਖੇ ਪ੍ਰਸਤਾਵਿਤ ਸਹਾਇਕ ਹਾਊਸਿੰਗ ਬਾਰੇ ਫੀਡਬੈਕ ਵੀ ਪ੍ਰਦਾਨ ਕਰ ਸਕਦੇ ਹਨ। ਬੀਸੀ ਹਾਊਸਿੰਗ ਅਤੇ ਸਿਟੀ ਆਫ ਵੈਨਕੂਵਰ ਵਿਕਾਸ ਪ੍ਰਕਿਰਿਆ ਦੇ ਸ਼ੁਰੂ ਵਿੱਚ ਕਮਿਊਨਿਟੀ ਨਾਲ ਸੰਪਰਕ ਕਰ ਰਹੇ ਹਨ। ਇਸ ਸ਼ੁਰੂਆਤੀ ਰੁਝੇਵਿਆਂ ਦੌਰਾਨ ਇਕੱਠੀ ਕੀਤੀ ਫੀਡਬੈਕ ਇੱਕ ਰੀਜ਼ੋਨਿੰਗ ਐਪਲੀਕੇਸ਼ਨ ਦੇ ਵਿਕਾਸ ਬਾਰੇ ਸੂਚਿਤ ਕਰੇਗੀ ਜੋ ਸਿਟੀ ਕੌਂਸਲ ਦੁਆਰਾ ਸਮੀਖਿਆ ਲਈ ਸਿਟੀ ਆਫ ਵੈਨਕੂਵਰ ਨੂੰ ਜਮ੍ਹਾ ਕੀਤੀ ਜਾਏਗੀ। ਜਦੋਂ ਰੀਜ਼ੋਨਿੰਗ ਅਰਜ਼ੀ ਜਮ੍ਹਾਂ ਕੀਤੀ ਜਾਂਦੀ ਹੈ, ਤਾਂ ਇੱਕ ਹੋਰ ਸਿਟੀ-ਅਗਵਾਈ ਵਾਲੀ ਜਨਤਕ ਸ਼ਮੂਲੀਅਤ ਪ੍ਰਕਿਰਿਆ ਹੋਵੇਗੀ ਜਿਸ ਵਿੱਚ ਇੱਕ ਓਪਨ ਹਾਊਸ ਅਤੇ ਇੱਕ ਜਨਤਕ ਸੁਣਵਾਈ ਸ਼ਾਮਲ ਹੈ।

## ਪਬਲਿਕ ਕਮੇਂਟ ਦੀ ਮਿਆਦ

ਪਬਲਿਕ ਕਮੇਂਟ ਮਿਆਦ, ਵਰਤਮਾਨ ਵਿੱਚ ਬੀਸੀ ਹਾਊਸਿੰਗ ਲੈਟਸ ਟਾਕ ਵੈੱਬਪੇਜ 'ਤੇ ਖੁੱਲ੍ਹੀ ਹੈ। 21 ਫਰਵਰੀ, 2022 ਤੋਂ ਮਾਰਚ 18, 2022 ਤੱਕ ਕਮਿਊਨਿਟੀ ਮੈਂਬਰ ਪ੍ਰਸਤਾਵਿਤ ਸਹਾਇਕ ਹਾਊਸਿੰਗ ਬਾਰੇ ਸਿੱਧੇ ਤੌਰ 'ਤੇ ਪ੍ਰੋਜੈਕਟ ਟੀਮ ਨੂੰ ਫੀਡਬੈਕ ਦੇ ਸਕਦੇ ਹਨ। ਪਬਲਿਕ ਕਮੇਂਟ ਦੀ ਮਿਆਦ ਦੇ ਹਿੱਸੇ ਵਜੋਂ, ਵਿਕਾਸ ਪ੍ਰਸਤਾਵ ਬਾਰੇ ਜਾਣਕਾਰੀ ਦੇ ਨਾਲ ਇੱਕ ਸਵੈ-ਨਿਰਦੇਸ਼ਿਤ ਪੇਸ਼ਕਾਰੀ www.letstalkhousingbc.ca/vancouver-marine ਤੇ ਸਮੀਖਿਆ ਕਰਨ ਲਈ ਉਪਲਬਧ ਹੈ।

## ਲੈਟਸ ਟਾਕ ਹਾਊਸਿੰਗ ਵੈਬਪੇਜ

ਬੀਸੀ ਹਾਊਸਿੰਗ ਕਿਸੇ ਵੀ ਸਮੇਂ www.letstalkhousingbc.ca/vancouver-marine 'ਤੇ ਲੈਟਸ ਟਾਕ ਹਾਊਸਿੰਗ ਵੈੱਬਪੇਜ 'ਤੇ ਉਪਲਬਧ ਔਨਲਾਈਨ ਟਿੱਪਣੀ ਫਾਰਮ ਰਾਹੀਂ ਫੀਡਬੈਕ ਸਵੀਕਾਰ ਕਰ ਰਹੀ ਹੈ।

## ਬੀਸੀ ਹਾਊਸਿੰਗ ਕਮਿਊਨਿਟੀ ਲਾਈਜ਼ਨ ਈਮੇਲ ਅਤੇ ਫ਼ੋਨ

ਕਮਿਊਨਿਟੀ ਲਾਈਜ਼ਨ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9:00 ਵਜੇ ਤੋਂ ਸ਼ਾਮ 4:00 ਵਜੇ ਤੱਕ, ਕਮਿਊਨਿਟੀ ਮੈਂਬਰਾਂ ਲਈ ਫ਼ੋਨ ਜਾਂ ਈਮੇਲ ਰਾਹੀਂ ਸੰਪਰਕ ਕਰਨ ਲਈ ਉਪਲਬਧ ਹੁੰਦਾ ਹੈ। ਕਮਿਊਨਿਟੀ ਮੈਂਬਰ, ਟਿੱਪਣੀਆਂ ਦਰਜ ਕਰ ਸਕਦੇ ਹਨ ਅਤੇ ਪ੍ਰੋਜੈਕਟ 'ਤੇ ਸਵਾਲ ਪੁੱਛ ਸਕਦੇ ਹਨ ਅਤੇ ਬੀਸੀ ਹਾਊਸਿੰਗ ਤੋਂ ਜਵਾਬ ਪ੍ਰਾਪਤ ਕਰ ਸਕਦੇ ਹਨ। ਕਮਿਊਨਿਟੀ ਲਾਈਜ਼ਨ ਨੂੰ communityliaison@bchousing.org ਤੇ ਜਾਂ 604-829-9321 ਤੇ ਕਾਲ ਕਰਕੇ ਸੰਪਰਕ ਕੀਤਾ ਜਾ ਸਕਦਾ ਹੈ।

# ਅਗਲੇ ਕਦਮ




*ਟਾਈਮਲਾਈਨ ਵਿੱਚ ਤਾਰੀਖਾਂ ਅਨੁਮਾਨਿਤ ਹਨ ਅਤੇ ਬਦਲੀਆਂ ਜਾ ਸਕਦੀਆਂ ਹਨ।*

**ਹੋਰ ਜਾਣਕਾਰੀ ਲਈ, ਕਿਰਪਾ ਕਰਕੇ letstalkhousingbc.ca/vancouver-marine 'ਤੇ ਜਾਓ**

ਕਮਿਊਨਿਟੀ ਲਾਈਜ਼ਨ ਨੂੰ communityliaison@bchousing.org 'ਤੇ ਜਾਂ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9:00 ਵਜੇ ਤੋਂ ਸ਼ਾਮ 4:00 ਵਜੇ ਤੱਕ 604-829-9321 'ਤੇ ਕਾਲ ਕਰਕੇ ਸੰਪਰਕ ਕੀਤਾ ਜਾ ਸਕਦਾ ਹੈ।